## ਅਨੁਲੱਗ 'ੳ'

## ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਨੂੰ ਪਸਸ ਬੋਰਡ ਦੀਆਂ ਪ੍ਰੀਖਿਆਵਾਂ ਦੌਰਾਨ Scribe (ਲਿਖਾਰੀ) ਦੀ ਸੁਵਿਧਾ ਦੇਣ ਸਬੰਧੀ ਕੁਝ ਹਦਾਇਤਾਂ

ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀਆਂ ਪਰੀਖਿਆਵਾਂ ਵਿੱਚ ਲਿਖਾਰੀ (scribe) ਦੀ ਸੁਵਿਧਾ ਦੇਣ ਸਮੇਂ ਹੇਠ ਦਿੱਤੀਆਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ:-

- ਲਿਖਾਰੀ (scribe) ਦੀ ਸੁਵਿਧਾ ਕੇਵਲ ਨੇਤਰਹੀਣ ਵਿਦਿਆਰਥੀਆਂ ਨੂੰ ਹੀ ਨਹੀ ਬਲਕਿ ਹਰ ਉਸ ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀ ਨੂੰ ਦਿੱਤੀ ਜਾ ਸਕਦੀ ਹੈ ਜਿਸ ਨੂੰ ਇਸ ਦੀ ਲੋੜ ਹੈ ਅਤੇ ਜੋ ਬੋਰਡ ਦੇ ਨਿਯਮਾਂ ਮੁਤਾਬਕ ਇਹ ਸੁਵਿਧਾ ਪ੍ਰਾਪਤ ਕਰਨ ਲਈ eligible ਹੈ। RPWD Act 2016 ਅਨੁਸਾਰ 21 recognized ਵਿਕਲਾਂਗਤਾਵਾਂ ਦੀ ਸੂਚੀ ਨਾਲ ਨੱਥੀ ਹੈ।
- ਬੋਰਡ ਦੀ ਦਸਵੀਂ ਅਤੇ ਬਾਰ੍ਹਵੀਂ ਦੀ ਪਰੀਖਿਆ ਤੋਂ ਇਲਾਵਾ ਬਾਕੀ ਪਰੀਖਿਆਵਾਂ (ਪਹਿਲੀ ਤੋਂ 9ਵੀਂ ਅਤੇ 11ਵੀਂ) ਲਈ ਵੀ scribe ਦੀ ਚੋਣ ਸਮੇਂ ਇਹਨਾਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

1. ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਈਆਂ ਜਾਂਦੀਆਂ ਬੋਰਡ ਪ੍ਰੀਖਿਆਵਾਂ ਲਈ Scribe (Writer) ਦੀ ਸੁਵਿਧਾ ਲੈਣ ਦੀ ਪ੍ਰਵਾਨਗੀ ਦੇਣ ਦਾ ਅਖਤਿਆਰ ਹੁਣ ਪਸਸਬ ਦੇ ਮੁੱਖ ਦਫਤਰ ਦੀ ਥਾਂ ਤੇ ਸੈਂਟਰ ਸੁਪਰਡੰਟ ਕੋਲ ਹੋਵੇਗਾ। ਸਬੰਧਤ ਸਕੂਲ ਦੇ ਪ੍ਰਿੰਸੀਪਲ ਵੱਲੋਂ Scribe ਦੀ ਸੁਵਿਧਾ ਦੇਣ ਸਬੰਧੀ ਕੇਸ ਸਾਰੇ ਦਸਤਾਵੇਜ਼ਾਂ ਸਮੇਤ ਲੋੜੀਂਦੀ ਕਾਰਵਾਈ ਮੁਕੰਮਲ ਕਰਨ ਉਪਰੰਤ ਸੈਂਟਰ ਸੁਪਰਡੰਟ ਨੂੰ ਮੰਨਜ਼ੂਰੀ ਲਈ ਭੇਜਿਆ ਜਾਵੇਗਾ। **ਸੈਂਟਰ ਸੁਪਰਡੰਟ ਕੋਲ Scribe ਦੀ ਮੰਨਜ਼ੂਰੀ ਦੇਣ ਦਾ ਅਧਿਕਾਰ ਹੋਵੇਗਾ।**
2. ਪਰੀਖਿਆਰਥੀ ਨੂੰ ਬੋਰਡ ਵੱਲੋਂ ਇਹ ਅਧਿਕਾਰ ਦਿੱਤਾ ਗਿਆ ਹੈ ਕਿ ਉਹ ਆਪਣੀ ਮਰਜੀ ਤੇ ਲਿਖਾਰੀ ਦੀ ਚੋਣ ਕਰ ਸ਼ਕੇ। ਜੇਕਰ ਉਹ ਲਿਖਾਰੀ ਬੋਰਡ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ ਤਾਂ ਉਸ ਦੀ ਪ੍ਰਵਾਨਗੀ ਵੀ ਸਕੂਲ ਮੁੱਖੀ ਵੱਲੋਂ ਭੇਜੀ ਗਈ ਪ੍ਰਪੋਜ਼ਲ ਦੇ ਅਧਾਰ ਤੇ ਸੈਂਟਰ ਸੁਪਰਡੰਟ ਵੱਲੋਂ ਦਿੱਤੀ ਜਾਵੇਗੀ।
3. ਪ੍ਰੀਖਿਆਰਥੀ ਆਪਣੀ Scribe (ਲਿਖਾਰੀ) ਲੈਣ ਸਬੰਧੀ ਬੇਨਤੀ ਅਤੇ Scribe ਲੱਗਣ ਲਈ ਰਜ਼ਾਮੰਦ ਵਿਦਿਆਰਥੀ ਦੇ particulars (ਜੋ ਲਿਖਾਰੀ ਪ੍ਰੀਖਿਆਰਥੀ ਨੇ ਖੁਦ ਦੇਣਾ ਹੈ) ਸਬੰਧਤ ਸਕੂਲ ਮੁੱਖੀ ਨੂੰ ਪ੍ਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਦੇ ਦੇਵੇ ਅਤੇ ਉਸੇ ਦਿਨ, ਭਾਵ ਪ੍ਰੀਖਿਆ ਤੋਂ ਇੱਕ ਹਫਤਾ ਪਹਿਲਾਂ ਹੀ ਸੈਂਟਰ ਕੰਟਰੋਲਰ ਵੱਲੋਂ particulars ਚੈੱਕ ਕਰਕੇ ਲਿਖਾਰੀ ਦੀ ਪ੍ਰਵਾਨਗੀ ਦੇ ਦਿੱਤੀ ਜਾਵੇ
4. ਲਿਖਾਰੀ ਸਬੰਧਤ ਪਰੀਖਿਆਰਥੀ ਤੋਂ ਇੱਕ ਜਮਾਤ ਘੱਟ ਪਾਸ ਹੋਵੇਗਾ। ਭਾਵ ਦਸਵੀਂ ਦੀ ਪਰੀਖਿਆ ਲਈ ਨੌਵੀਂ ਵਿੱਚ ਪੜ੍ਹ ਰਿਹਾ ਵਿਦਿਆਰਥੀ ਅਤੇ 12ਵੀਂ ਦੀ ਪਰੀਖਿਆ ਲਈ 11ਵੀਂ ਵਿੱਚ ਪੜ੍ਹ ਰਿਹਾ ਵਿਦਿਆਰਥੀ ਹੀ ਲਿਖਾਰੀ ਨਿਯੁਕਤ ਕੀਤਾ ਜਾਵੇਗਾ।

5. ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਤੋਂ Scribe ਲਈ ਕੋਈ ਫੀਸ ਨਹੀਂ ਲਈ ਜਾਵੇਗੀ ਅਤੇ ਉਹਨਾਂ ਨੂੰ ਇਹ ਸੁਵਿਧਾ ਬੋਰਡ ਵੱਲੋਂ ਮੁਫਤ ਦਿੱਤੀ ਜਾਵੇਗੀ। Scribe ਨੂੰ ਪਸਸਬ ਵੱਲੋਂ prescribed ਫੀਸ ਖੁਦ ਆਪਣੇ ਫੰਡਾਂ ਵਿੱਚੋਂ ਦਿੱਤੀ ਜਾਵੇਗੀ।

6. ਸਕੂਲ ਮੁੱਖੀ ਵੱਲੋਂ ਜੋ ਵੀ ਲਿਖਾਰੀ ਨਿਯੁਕਤ ਕੀਤਾ ਜਾਵੇ ਉਸ ਸਬੰਧੀ ਇਹ ਦੇਖ ਲਿਆ ਜਾਵੇ ਕਿ ਉਹ ਪੰਜਾਬੀ, ਹਿੰਦੀ, ਅੰਗਰੇਜ਼ੀ, ਗਣਿਤ (ਜੋ ਵੀ ਵਿਸ਼ੇ ਅਤੇ ਮੀਡਿਅਮ ਲਾਗੂ ਹੋਣ) ਸਹੀ ਢੰਗ ਨਾਲ ਲਿਖ ਸਕਦਾ ਹੋਵੇ ਅਤੇ ਉਸਦੀ ਲਿਖਾਈ ਅੱਛੀ ਹੋਵੇ। ਇਸ ਲਈ ਜ਼ਰੂਰੀ ਹੈ ਕਿ ਲਿਖਾਰੀ ਨਿਯੁਕਤ ਕਰਨ ਤੋਂ ਪਹਿਲਾਂ ਉਸ ਤੋਂ ਇਹਨਾਂ ਵਿਸ਼ਿਆਂ/ ਭਾਸ਼ਾਵਾਂ ਦੀ ਡਿਕਟੇਸ਼ਨ ਦੇ ਕੇ ਇੱਕ ਛੋਟਾ ਜਿਹਾ ਟੈਸਟ ਲੈ ਲਿਆ ਜਾਵੇ। ਸੁਣ ਕੇ ਸਹੀ ਸ਼ਬਦ ਲਿਖਣ ਵਾਲੇ ਵਿਦਿਆਰਥੀ ਦੀ ਹੀ scribe ਵਜੋਂ ਚੋਣ ਕੀਤੀ ਜਾਵੇ। ਇਸ ਦੇ ਨਾਲ ਹੀ ਇਹ ਵੀ ਵੇਖ ਲਿਆ ਜਾਵੇ ਕਿ ਲਿਖਾਰੀ ਵਿਗਿਆਨ ਅਤੇ ਸਮਾਜਿਕ ਵਿਗਿਆਨ ਦੇ ਚਿੱਤਰ, ਨਕਸ਼ੇ, ਆਦਿ ਪਰੀਖਿਆਰਥੀ ਦੇ ਦੱਸੇ ਅਨੁਸਰ ਬਣਾ ਸਕਦਾ ਹੋਵੇ ਤਾਂ ਜੋ ਪਰੀਖਿਆਰਥੀ ਨਾਲ ਧੱਕਾ ਨਾ ਹੋਵੇ।

7. ਇਹ ਵੀ ਦੇਖ ਲਿਆ ਜਾਵੇ ਕਿ ਲਿਖਾਰੀ ਦਾ mental level ਅਤੇ ਮਾਤਰ ਭਾਸਾ ਉਮੀਦਵਾਰ ਨਾਲ ਮੇਲ ਖਾਂਦੀ ਹੋਵੇ।

8. ਜਿਹੜਾ ਵੀ ਲਿਖਾਰੀ ਨਿਯੁਕਤ ਕੀਤਾ ਜਾਵੇ ਉਹ ਸਮੇਂ ਦਾ ਪਾਬੰਦ (punctual) ਹੋਵੇ ਅਤੇ ਚਾਰ ਘੰਟੇ ਤੱਕ ਪ੍ਰੀਖਿਆ ਵਿੱਚ ਬੈਠ ਸਕਦਾ ਹੋਵੇ।

9. ਲਿਖਾਰੀ ਨੂੰ ਪ੍ਰੀਖਿਆਰਥੀ ਦੁਆਰਾ ਲਏ ਗਏ ਵਿਸ਼ਿਆਂ ਦੀ ਡੇਟ ਸ਼ੀਟ ਇੱਕ ਹਫਤਾ ਪਹਿਲਾਂ ਹੀ ਦੇ ਦਿੱਤੀ ਜਾਵੇ ਤਾਂ ਜੋ ਉਸਨੂੰ ਪਰੀਖਿਆ ਦੀਆਂ ਮਿਤੀਆਂ ਅਤੇ ਸਮੇਂ ਦਾ ਪਹਿਲਾਂ ਤੋਂ ਹੀ ਗਿਆਨ ਹੋਵੇ।

10. ਉਮੀਦਵਾਰ ਨੂੰ ਸਾਰੇ ਪੇਪਰਾਂ ਲਈ ਇੱਕ ਹੀ ਲਿਖਾਰੀ ਦਿੱਤਾ ਜਾਵੇ। ਕੇਵਲ ਅਮਰਜੈਂਸੀ ਦੀ ਸੂਰਤ ਵਿੱਚ ਬਦਲਵਾਂ ਪ੍ਰਬੰਧ ਕੀਤਾ ਜਾਵੇ। ਹਰ ਪੇਪਰ ਲਈ ਲਿਖਾਰੀ ਦੇਣ ਦੀ ਜ਼ਿੰਮੇਵਾਰੀ ਸਕੂਲ ਮੁੱਖੀ ਅਤੇ ਸੈਂਟਰ ਸੁਪਰਡੰਟ ਦੀ ਹੋਵੇਗੀ।

11. ਇਸ ਲਈ ਸਕੂਲ ਮੁੱਖੀ ਵੱਲੋਂ ਲਿਖਾਰੀਆਂ ਦੀ ਤਿਆਰੀ ਪਹਿਲਾਂ ਤੋਂ ਹੀ ਕਰ ਲਈ ਜਾਵੇ। ਹਰ ਵਿਸ਼ੇਸ਼ ਪਰੀਖਿਆਰਥੀ ਲਈ ਦੋ ਲਿਖਾਰੀਆਂ ਦੀ ਚੋਣ ਕਰ ਲਈ ਜਾਵੇ ਤਾਂ ਜੋ ਐਮਰਜੈਂਸੀ ਵਿੱਚ ਲਿਖਾਰੀ ਲੱਭਣ ਵਿੱਚ ਕੋਈ ਔਕੜ ਨਾ ਆਵੇ।

12. ਸਕੂਲ ਮੁੱਖੀ ਵੱਲੋਂ ਲਿਖਾਰੀ ਦੀ ਕਾਊਂਸਲਿੰਗ ਪਹਿਲਾਂ ਤੋਂ ਹੀ ਕੀਤੀ ਜਾਵੇ ਕਿ ਉਹ ਇਹ ਕੰਮ ਇਨਸਾਨੀਅਤ ਦੇ ਨਾਤੇ ਕਰ ਰਿਹਾ ਹੈ ਨਾ ਕਿ ਉਮੀਦਵਾਰ ਉੱਤੇ ਕੋਈ ਅਹਿਸਾਨ ਕਰ ਰਿਹਾ ਹੈ। ਭਾਵੇਂ ਇਹ ਇੱਕ ਸਮਾਜ ਭਲਾਈ ਦਾ ਕੰਮ ਹੈ ਫੇਰ ਵੀ ਬੋਰਡ ਵੱਲੋਂ ਉਸਨੂੰ ਇਸ ਕੰਮ ਲਈ ਨਿਰਧਾਰਤ ਭੱਤਾ ਵੀ ਦਿੱਤਾ ਜਾਣਾ ਹੈ।

13. ਲਿਖਾਰੀ ਨੂੰ ਇਹ ਵੀ ਦੱਸ ਦਿੱਤਾ ਜਾਵੇ ਕਿ ਉਸਨੇ ਉਹੀ ਲਿਖਣਾ ਹੈ ਜੋ ਉਮੀਦਵਾਰ ਬੋਲੇ ਤੇ ਉਹ ਉਮੀਦਵਾਰ ਦੇ ਬੋਲਣ ਉੱਤੇ ਆਪਣਾ ਧਿਆਨ ਕੇਂਦਰਿਤ ਰੱਖੇ। ਆਪਣੀ ਮਰਜ਼ੀ ਨਾਲ ਕੁੱਝ ਨਾ ਲਿਖੇ।

14. ਲਿਖਾਰੀ ਨੂੰ ਸੰਖੇਪ ਵਿੱਚ ਹਰ ਵਿਸ਼ੇ ਦੇ ਵਿਸ਼ੇਸ਼ ਪ੍ਰਸ਼ਨ ਪੱਤਰ (ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਲਈ) ਦੀ ਰੂਪਰੇਖਾ ਬਾਰੇ ਪਹਿਲਾਂ ਤੋਂ ਦੱਸ ਦਿੱਤਾ ਜਾਵੇ।

15. ਲਿਖਾਰੀ ਨੂੰ ਉੱਤਰ-ਪੱਤਰੀ ਦੇ ਸੰਬਧਤ ਸਾਰੇ ਖਾਨੇ ਭਰਨ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ। ਇਸ ਕੰਮ ਲਈ ਉਹ ਨਿਗਰਾਨ ਦੀ ਮਦਦ ਲੈ ਸਕਦਾ ਹੈ।

16. ਲਿਖਾਰੀ ਨੂੰ ਇਹ ਵੀ ਦੱਸ ਦਿੱਤਾ ਜਾਵੇ ਕਿ ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਨੂੰ ਆਮ ਪਰੀਖਿਆਰਥੀ ਨਾਲੋਂ ਪਰੀਖਿਆ ਲਈ ਵੱਧ ਸਮਾਂ ਮਿਲਦਾ ਹੈ ਅਤੇ ਲਿਖਾਰੀ ਨੂੰ ਵੀ ਵੱਧ ਸਮਾਂ ਪਰੀਖਿਆ ਵਿੱਚ ਬੈਠਣਾ ਪਵੇਗਾ। ਲਿਖਾਰੀ ਨੂੰ ਪਰੀਖਿਆ ਦੇ ਕੇ ਜਲਦੀ ਜਲਦੀ ਭੱਜਣ ਦੀ ਕਾਹਲੀ ਨਾ ਹੋਵੇ। ਤਿੰਨ ਘੰਟੇ ਦੀ ਪਰੀਖਿਆ ਲਈ ਇੱਕ ਘੰਟਾ ਵੱਧ ਮਿਲੇਗਾ, ਦੋ ਘੰਟੇ ਦੀ ਪਰੀਖਿਆ ਲਈ 40 ਮਿੰਟ ਅਤੇ ਇੱਕ ਘੰਟੇ ਦੀ ਪਰੀਖਿਆ ਲਈ 20 ਮਿੰਟ ਵੱਧ ਮਿਲਣਗੇ।

17. ਲਿਖਾਰੀ ਨੂੰ ਪਰੀਖਿਆ ਦੇਣ ਲਈ I-Card ਵੀ ਜਾਰੀ ਕੀਤਾ ਜਾਵੇ।

18. ਲਿਖਾਰੀ ਪਰੀਖਿਆ ਦੇ ਸਾਰੇ ਦਿਨਾਂ ਦੌਰਾਨ physically fit ਹੋਵੇ।

19. ਪਰੀਖਿਆ ਤੋਂ ਪਹਿਲਾਂ ਲਿਖਾਰੀ ਨੂੰ ਲੋੜੀਂਦੀ stationary ਮੁਹੱਈਆ ਕਰਵਾ ਦਿੱਤੀ ਜਾਵੇ, ਜਿਵੇਂ ਗਣਿਤ ਦੇ ਪੇਪਰ ਲਈ ਜਮੈਟਰੀ ਬਾਕਸ, ਆਦਿ।

20. ਲਿਖਾਰੀ ਨੂੰ ਪਰੀਖਿਆ ਭਵਨ ਦੇ ਨਿਯਮ ਪਹਿਲਾਂ ਤੋਂ ਹੀ ਦੱਸ ਦਿੱਤੇ ਜਾਣ, ਜਿਵੇਂ ਕਿ ਪਰੀਖਿਆ ਦੌਰਾਨ ਲਿਖਾਰੀ ਪੂਰੇ ਅਨੁਸ਼ਾਸਨ ਵਿੱਚ ਬੈਠੇਗਾ, ਮੋਬਾਇਲ ਫੋਨ ਦਾ ਪ੍ਰਯੋਗ ਨਹੀਂ ਕਰੇਗਾ ਅਤੇ <u>ਨਕਲ ਰਹਿਤ ਪਰੀਖਿਆ</u> ਵਿੱਚ ਯੋਗਦਾਨ ਦੇਵੇਗਾ।

21. ਕੇਂਦਰ ਸੁਪਰਡੰਟ/ ਪ੍ਰਿੰਸੀਪਲ ਵੱਲੋਂ ਲਿਖਾਰੀ ਨਿਯੁਕਤ ਕਰਦੇ ਸਮੇਂ ਲਿਖਾਰੀ ਤੋਂ ਨਿਮਨਲਿਖਤ ਸਵੈ-ਘੋਸ਼ਣਾ ਲੈ ਲਈ ਜਾਵੇ:-

*ਮੈਂ ____________________ (ਲਿਖਾਰੀ ਦਾ ਨਾਮ ਤੇ ਪਤਾ) ਬਿਆਨ ਕਰਦਾ ਹਾਂ ਕਿ ਮੈਂ ____________ (ਉਮੀਦਵਾਰ ਦਾ ਨਾਮ) ____________ (ਰੋਲ ਨੰਬਰ) ਦਾ ਲਿਖਾਰੀ ਹਾਂ ਅਤੇ ਮੈਂ ਪਰੀਖਿਆ ਕੇਂਦਰ ਵਿੱਚ ਅਨੁਸ਼ਾਸਨ ਬਣਾ ਕੇ ਰੱਖਾਂਗਾ ਅਤੇ ਨਕਲ ਰਹਿਤ ਪਰੀਖਿਆ ਵਿੱਚ ਆਪਣਾ ਯੋਗਦਾਨ ਪਾਵਾਂਗਾ।*

*ਲਿਖਾਰੀ ਦੇ ਹਸਤਾਖਰ*

22. ਕੇਂਦਰ ਸੁਪਰਡੰਟ ਵੱਲੋਂ ਵਿਲੱਖਣ ਸਮਰੱਥਾ ਵਾਲੇ ਪਰੀਖਿਆਰਥੀਆਂ ਲਈ ਇੱਕ ਵੱਖਰਾ ਕਮਰਾ ਪਰੀਖਿਆ ਲਈ ਦਿੱਤਾ ਜਾਵੇ ਅਤੇ ਉਸ ਲਈ ਇੱਕ ਨਿਗਰਾਨ ਵੱਖਰੇ ਤੌਰ 'ਤੇ ਲਗਾਇਆ ਜਾਵੇ ਜੋ ਖੇਤਰੀ ਨੇਤਰਹੀਣ ਸਕੂਲ ਤੋਂ ਹੋਵੇ ਜਾਂ Visual Impairment ਦੇ ਖੇਤਰ ਵਿੱਚ ਵਿਸ਼ੇਸ ਅਧਿਆਪਕ ਵਜੋਂ ਕੰਮ ਕਰ ਚੁੱਕਾ ਹੋਵੇ ਜਾਂ ਕਰ ਰਿਹਾ ਹੋਵੇ।

ਅਨੁਲੱਗ 'ਅ'

| ਲੜੀ ਨੰ. | ਅਪੰਗਤਾ ਦੀ ਕਿਸਮ | ਪੰਜਾਬੀ ਅਨੁਵਾਦ | ਪਹਿਚਾਣ ਅਤੇ ਲੱਛਣ |
|---|---|---|---|
| 1 | Blindness | ਨੇਤਰਹੀਣਤਾ | ਦੇਖਣ ਵਿੱਚ ਕਠਿਨਾਈ ਜਾਂ ਪੂਰਨ ਦ੍ਰਿਸ਼ਟੀਹੀਣਤਾ |
| 2 | Low Vision | ਘੱਟ ਨਜ਼ਰ | ਘੱਟ ਦਿਖਣਾ ਜਾਂ 60 ਸਾਲ ਦੀ ਉਮਰ ਤੋਂ ਘੱਟ ਦੀ ਸਥਿਤੀ ਵਿੱਚ ਰੰਗਾਂ ਦੀ ਪਹਿਚਾਣ ਨਾ ਕਰ ਪਾਉਣਾ |
| 3 | Leprosy Cured persons | ਕੋਹੜ੍ਹ ਗ੍ਰਸਤ ਵਿਅਕਤੀ | ਹੱਥਾਂ ਪੈਰਾਂ ਸਬੰਧੀ ਦੋਸ਼, ਸ਼ਰੀਰ ਤੇ ਰੰਗਹੀਣ ਧੱਬੇ, ਹੱਥਾ ਪੈਰਾਂ ਦਾ ਟੇਢਾ ਹੋ ਜਾਣਾ, ਹੱਥਾ ਜਾਂ ਪੈਰਾ ਦਾ ਸੁੰਨ ਹੋ ਜਾਣਾ। |
| 4 | Hearing Impairment (deaf and hard of hearing) | ਸੁਣਨ-ਬੋਲਣ ਵਿੱਚ ਅਸਮਰੱਥ ਜਾਂ ਉੱਚਾ / ਘੱਟ ਸੁਣਣਾ | ਬਹਰਾਪਣ, ਉੱਚਾ ਸੁਣਨਾ ਜਾਂ ਘੱਟ ਸੁਣਨਾ |
| 5 | Locomotor Disability | ਚੱਲਣ ਫਿਰਨ ਵਿੱਚ ਅਸਮਰੱਥ ਵਿਅਕਤੀ (ਜਿਵੇਂ ਕਿ ਪੋਲੀਉ) | ਹੱਥਾਂ ਜਾਂ ਪੈਰਾਂ ਦੇਹ ਵਿੱਚ ਮੁਸ਼ਕਿਲ; ਲਕਵਾ; ਹੱਥਾਂ ਜਾਂ ਪੈਰਾਂ ਦਾ ਕੱਟੇ ਹੋਣਾ; ਪੋਲੀਉ |
| 6 | Dwarfism | ਬੌਨਾਪਣ | 4 ਫੁੱਟ 10 ਇੰਚ ਜਾਂ 147 ਸੈ.ਮੀ. ਤੋਂ ਘੱਟ ਕੱਦ ਵਾਲੇ ਵਿਅਕਤੀ |
| 7 | Intellectual Disability | ਮਾਨਸਿਕ ਮੰਦਤਾ (ਮੰਦਬੁੱਧੀ) | ਸਮਝਣ, ਬੋਲਣ ਅਤੇ ਆਪਣੇ ਭਾਵ ਵਿਅਕਤ ਕਰਨ ਵਿੱਚ ਕਠਿਨਾਈ ਹੋਣਾ, IQ ਲੈਵਲ 70 ਤੋਂ ਘੱਟ। |
| 8 | Mental Illness | ਮਾਨਸਿਕ ਤੌਰ ਤੇ ਬੀਮਾਰ | ਇਹ 18 ਸਾਲ ਤੋਂ ਬਾਅਦ ਦੀ ਮਾਨਸਿਕ ਪ੍ਰੇਸ਼ਾਨੀ ਕਾਰਣ ਹੁੰਦਾ ਹੈ ਅਤੇ ਇਹ ਇਲਾਜ਼ਯੋਗ ਹੈ। |
| 9 | Autism Spectrum Disorder (ASD) | ਮਸਤ-ਮਲੰਗ, ਆਤਮ ਲੀਨਤਾ | ਕਿਸੇ ਵੀ ਕੰਮ ਵਿੱਚ ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਿਲ, ਅੱਖਾਂ ਮਿਲਾ ਕੇ ਗੱਲ ਨਾ ਕਰ ਪਾਉਣਾ, ਗੁੰਮਸੁਮ ਰਹਿਣਾ। |
| 10 | Cerebral Palsy | ਦਿਮਾਗੀ ਲਕਵਾ | ਪੈਰਾਂ ਵਿੱਚ ਜਕੜਣ ਚੱਲਣ ਵਿੱਚ ਕਠਿਨਾਈ, ਹੱਥਾਂ ਤੋਂ ਕੰਮ ਕਰਨ ਦੀ ਕਠਿਨਾਈ |

| | | | |
|---|---|---|---|
| 11 | Muscular Dystrophy | ਮਾਸਪੇਸ਼ੀਆਂ ਸਬੰਧੀ ਵਿਕਾਰ | ਮਾਸਪੇਸ਼ੀਆਂ ਦੀ ਕਮਜ਼ੋਰੀ। |
| 12 | Chronic Neurological Conditions | ਗੰਭੀਰ ਤੰਤੂ ਵਿਗਿਆਨਿਕ ਸਥਿਤੀ | ਕਮਜ਼ੋਰ ਮਾਸਪੇਸ਼ੀਆਂ, ਦੌਰੇ ਪੈਣਾ, ਧਿਆਨ ਲਗਾਉਣ ਵਿੱਚ ਘਾਟ, ਆਦਿ। |
| 13 | Specific Learning Disability | ਸਿੱਖਣ ਸਬੰਧੀ ਅਪੰਗਤਾ | ਬੋਲਣ, ਲਿਖਣ, ਸਮਝਣ, ਜੋੜ, ਘਟਾਉ, ਗੁਣਾ, ਭਾਗ, ਆਕਾਰ, ਭਾਰ, ਦੂਰੀ ਆਦਿ ਸਮਝਣ ਵਿੱਚ ਕਠਿਨਾਈ। |
| 14 | Multiple Sclerosis | Chronic Progressive Multiple Disorder (ਚਿਰਕਾਲੀਨ ਦਿਮਾਗੀ ਵਿਕਾਰ) | ਦਿਮਾਗ ਅਤੇ ਰੀੜ੍ਹ ਦੀ ਹੱਡੀ ਵਿੱਚ ਤਾਲਮੇਲ ਦੀ ਪ੍ਰੇਸ਼ਾਨੀ। |
| 15 | Speech and language disability | ਬੋਲਣ ਸਬੰਧੀ ਵਿਕਾਰ | ਬੋਲਣ ਸਬੰਧੀ ਕਠਿਨਾਈ, ਆਮ ਬੋਲੀ ਤੋਂ ਅਲੱਗ ਬੋਲਣਾ ਜਿਸ ਨੂੰ ਸਮਝਿਆ ਨਾ ਜਾ ਸਕੇ। |
| 16 | Thalassemia | ਖੂਨ ਸਬੰਧੀ ਰੋਗ | ਖੂਨ ਦਾ ਘੱਟ ਹੋਣਾ, ਖੂਨ ਵਿੱਚ ਹੀਮੋਗਲੋਬਿਨ ਸਬੰਧੀ ਦੋਸ਼, ਨਵਾਂ ਖੂਨ ਨਾ ਬਣ ਪਾਉਣਾ, ਵਾਰ ਵਾਰ ਖੂਨ ਚੜ੍ਹਾਉਣਾ। |
| 17 | Hemophilia | ਖੂਨ ਸਬੰਧੀ ਰੋਗ | ਸੱਟ ਲੱਗਣ ਤੇ ਬਹੁਤ ਜਿਆਦਾ ਖੂਨ ਦਾ ਵਗਣਾ ਬੰਦ ਨਾ ਹੋਣਾ। |
| 18 | Sickle Cell Disease | ਖੂਨ ਸਬੰਧੀ ਰੋਗ / ਕਮਜ਼ੋਰੀ | ਖੂਨ ਦੀ ਬਹੁਤ ਜ਼ਿਆਦਾ ਕਮੀ, ਖੂਨ ਦੀ ਕਮੀ ਕਾਰਣ ਸ਼ਰੀਰ ਦੇ ਕਿਸੇ ਅੰਗ ਦਾ ਖਰਾਬ ਹੋਣਾ। |
| 19 | Multiple Disabilities including deaf-blindness | ਬਹੁ- ਵਿਕਲਾਂਗਤਾ (ਡੈਫ-ਬਲਾਈਂਡ ਸਮੇਤ) | ਦੋ ਜਾਂ ਦੋ ਤੋਂ ਵੱਧ ਵਿਕਲਾਂਗਤਾ ਦਾ ਹੋਣਾ, ਜਿਵੇਂ ਦੇਖਣ ਅਤੇ ਸੁਨਣ-ਬੋਲਣ ਤੋਂ ਅਸਮਰੱਥਾ |
| 20 | Acid Attack victim | ਤੇਜ਼ਾਬ ਦੇ ਹਮਲੇ ਤੋਂ ਪੀੜਤ | ਸ਼ਰੀਰ ਦੇ ਅੰਗ, ਹੱਥ, ਪੈਰ, ਅੱਖ ਆਦਿ ਤੇਜਾਬ ਦੇ ਹਮਲੇ ਕਾਰਣ ਪ੍ਰਭਾਵਿਤ ਹੋਣੇ। |
| 21 | Parkinson's Disease | ਦਿਮਾਗੀ ਵਿਕਾਰ | ਹੱਥ, ਪੈਰ, ਮਾਸਪੇਸ਼ੀਆਂ ਵਿੱਚ ਜਕੜਣ; ਨਾੜੀ ਪ੍ਰਣਾਲੀ ਸਬੰਧੀ ਮੁਸ਼ਕਿਲ। |